**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

# ਅਕਬਰ ਦੀ ਰਾਜਪੂਤ ਨੀਤੀ ਦਾ ਅਧਿਐਨ

*Amit Kumar Singh*

*Assistant Professor, PG Department of History, Dev Samaj College for Women, Ferozepur, Punjab, India.*

*Tania*

*Student, BA, 1st Year Dev Samaj College for Women, Ferozepur City, Punjab, India.*

**ਸਾਰਅੰਸ਼**

ਮੂਗਲ ਸਮਰਾਜ ਦੀ ਸਥਾਪਨਾ ਭਾਵੇ ਬਾਦਸ਼ਾਹ ਬਾਬਰ 1526–1530 ਈ: ਨੇ ਕੀਤੀ ਸੀ ਪਰ ਵਿਵਹਾਰਿਕ ਰੂਪ ਵਿਚ ਅਕਬਰ 1556–1605 ਨੇ ਮੁਗਲ ਸਮਰਾਜ ਨੂੰ ਮਜਬੂਤੀ ਦਿੱਤੀ। ਅਕਬਰ ਨੇ ਬੈਰਾਮ ਖਾਂ ਵਰਗੇ ਸਰਦਾਰਾ ਦੀ ਮਦਦ ਨਾਲ ਰਾਜ ਦੇ ਦੁਸ਼ਮਨਾ ਨੂੰ ਕੁਚਲਿਆ ਅਤੇ ਉੱਤਰੀ ਤੇ ਦੱਖਣੀ ਭਾਰਤ ਨੂੰ ਜਿੱਤ ਦੇ ਮੁਗਲ ਸਮਰਾਜ ਦਾ ਵਿਕਾਸ ਕੀਤਾ। ਅਕਬਰ ਬੜਾ ਨੀਤੀਵਾਨ ਸੀ। ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਸ਼ਕਤੀਸ਼ਾਲੀ ਰਾਜਪੂਤ ਸੈਨਾਵਾ ਦੇ ਪੂਰੇ ਸਹਿਯੋਗ ਤੋ ਬਿਨਾਂ ਮੁਗਲ ਸਮਰਾਜ ਕਦੇ ਵੀ ਸੁਰੱਖਿਅਤ ਨਹੀ ਹੋ ਸਕਦਾ। ਪਿੱਛਲੇ ਸਾਢੇ ਤਿੰਨ ਸਾਲ ਦਾ ਇਤਿਹਾਸ ਇਸ ਗੱਲ ਦੀ ਪੁਸ਼ਟੀ ਕਰਦਾ ਸੀ ਕਿ ਰਾਜਪੂਤਾ ਦੀ ਹਮਦਰਦੀ ਤੇ ਸਹਾਇਤਾ ਪ੍ਰਾਪਤ ਕੀਤੇ ਬਿਨਾਂ ਭਾਰਤ ਵਿਚ ਇਕ ਸੁਦਿੜ ਮੁਗਲ ਰਾਜ ਸਥਾਪਿਤ ਕਰਨਾ ਤਾਂ ਅਸੰਭਵ ਸੀ। ਅਕਬਰ ਨੇ ਰਾਜਪੂਤਾ ਨਾਲ ਸੰਬੰਧਾ ਦਾ ਇਤਿਹਾਸ ਵੇਖਿਆ ਜਾਵੇਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਇਹ ਸੰਬੰਧ ਤਿੰਨ ਪ੍ਰਕਾਰ ਦੇ ਸਨ। ਕੁਝ ਅਜਿਹੇ ਰਾਜਪੂਤ ਸਨ ਜਿਨਾਂ ਨੇ ਮੁਗਲਾ ਨਾਲ ਡੱਟ ਕੇ ਮੁਕਾਬਲਾ ਕੀਤਾ ਪਰ ਬਾਅਦ ਵਿਚ ਮੁਗਲ ਸਮਰਾਜ ਵਿਚ ਸ਼ਾਮਲ ਹੇ ਗਏ। ਤੀਸਰੇ ਅਜਿਹੇ ਵੀ ਰਾਜਪੂਤ ਸਨ ਜਿਹਨਾ ਨੇ ਮੁਗਲਾ ਨੂੰ ਸਵੀਕਾਰ ਨਹੀਂ ਕੀਤਾ ਕਿਸੇ ਨੇ ਅਕਬਰ ਦੀ ਅਧੀਨਤਾ ਨਹੀ ਮੰਨੀ ਸੀ ਤੇ ਅਸਹਿ ਕਸ਼ਟ ਤੇ ਕਠਨਾਇਆ ਸਹਾਰਦੇ ਹੋਏ ਉਹਨਾ ਨਾਲ ਟਾਕਰਾ ਕਰਦੇ ਰਹੇ।ਇਹ ਪੇਪਰ ਲਿਖਣ ਦਾ ਮਕਸਦ ਅਕਬਰ ਦੀ ਰਾਜਪੂਤ ਨੀਤੀ ਦਾ ਵਿਸ਼ਲੇਸ਼ਨ ਦੇ ਅਧਿਐਨ ਹੈ।

**EARLY LIFE OF AKBAR THE GREAT**

## ਜਲਾਲੂਉਦੀਨ ਮੁੰਹਮਦ ਅਕਬਰ

ਜਨਮ-ਅਕਬਰ 1556 ਈ: ਤੋਂ 1605 ਈ: ਦਾ ਇੱਕ ਮਹਾਨ ਮੁਗ਼ਲ ਬਾਦਸ਼ਾਹ ਸੀ।ਅਕਬਰ ਦੇ ਅਧੀਨ ਮੁਗ਼ਲ ਸਾਮਰਾਜ ਦਾ ਹਰੇਕ ਖੇਤਰ ਵਿੱਚ ਬਹੁਤ ਵਿਕਾਸ ਹੋਇਆ। ਅਕਬਰ ਦਾ ਜਨਮ ਉਸ ਸਮੇਂ ਹੋਇਆ ਜਦੋਂ ਉਸਦਾ ਪਿਤਾ ਜੀ ਹੁਮਾਯੂੰ ਨੂੰ ਚਾਰੇ ਪਾਸੇ ਬਦਕਿਸਮਤੀ ਨੇ ਘੇਰਿਆ ਹੋਇਆ ਸੀ।ਉਸ ਸਮੇਂ ਉਸ ਕੋਲ ਕੋਈ ਵੀ ਰਾਜ ਨਹੀ ਸੀ। 15 ਅਕਤੂਬਰ 1542ਈ: ਨੂੰ ਅਕਬਰ ਦਾ ਜਨਮ ਅਮਰਕੋਟ ਵਿਖੇ ਹੋਇਆ।ਅਕਬਰ ਦੀ ਮਾਂ ਦਾ ਨਾਂ ਹਮੀਕਾ ਬਾਲੋ ਬੈਗਮ ਸੀ।ਜੋ ਇੱਕ ਧਾਰਮਿਕ ਪ੍ਰਵਿਤੀ ਵਾਲੀ ਇਸਤਰੀ ਸੀ। ਪਿਤਾ ਹੁਮਾਯੂੰ ਨੂੰ ਛੋਟੀ ਜਿਹੀ ਖੁਸ਼ੀ ਹੋਣ ਤੇ ਹਜ਼ਾਰਾ ਰੁਪਏ ਲੁਟਾ ਦਿੰਦਾ ਸੀ। ਪਰ ਅਕਬਰ ਦੇ ਜਨਮ ਸਮੇਂ ਥੋੜੀ ਜਿਹੀ ਕਸਤੂਰੀ ਸੀ ਤੇ ਹੁਮਾਯੂੰ ਨੇ ਖੁਸ਼ੀ ਵਿੱਚ ਵੰਡ ਦਿੱਤਾ ਤੇ ਇੱਛਾਂ ਕੀ ਉਸਦਾ ਪੁੱਤਰ ਕਸਤੂਰੀ ਦੀ ਸੁੰਗਧ ਦੀ ਤਰ੍ਹਾਂ ਚਾਰੇ ਪਾਸੇ ਫੈਲ ਜਾਏਗਾ।ਇਸ ਤਰ੍ਹਾਂ ਹੁਮਾਯੂੰ ਦੀ ਇਹ ਇੱਛਾਂ ਪੂਰੀ ਹੋਈ । ਹੁਮਾਯੰ ਨੂੰ ਸਿੱਖਿਆ ਦਾ ਬਹੁਤ ਹੀ ਸ਼ੌਕ ਸੀ। ਉਹ ਚਾਹੁੰਦਾ ਸੀ ਕਿ ਉਸਦਾ ਪੁੱਤਰ ਉਚੇਰੀ ਸਿੱਖਿਆ ਪ੍ਰਾਪਤ ਕਰੇ।ਜਿਸ ਕਾਰਣ ਬਾਦਸ਼ਾਹ ਹੁਮਾਯੂੰ ਨੇ ਅਕਬਰ ਦੀ ਉਚੇਰੀ ਸਿੱਖਿਆ ਲਈ ਬਹੁਤ ਹੀ ਖ਼ਾਸ ਪ੍ਰਬੰਧ ਕੀਤੇ। ਪਰ ਅਕਬਰ ਨੇ ਪੜ੍ਹਾਈ ਵਿੱਚ ਕੁਝ ਖ਼ਾਸ ਰੁਚੀ ਨਾ ਦਿਖਾਈ। ਉਸ ਦਾ ਮਨ ਪੜ੍ਹਾਈ ਵਿੱਚ ਲਗਣ ਦੀ ਥਾਂ ਤੇ ਘੌੜਸਵਾਰੀ ਤੇ ਸ਼ਾਸ਼ਤਰ ਚਲਾਉਣ ਵਿੱਚ ਜ਼ਿਆਦਾ ਸੀ। ਇਸ ਕਰਕੇ ਅਕਬਰ ਨੇ ਕੋਈ ਪੜ੍ਹਾਈ ਨਹੀ ਕੀਤੀ।ਉਹ ਅਨਪੜ੍ਹ ਹੀ ਰਹਿ ਗਿਆ। ਜਨਵਰੀ 1556ਈ: ਵਿੱਚ ਹੁਮਾਯੂੰ ਦੀ ਦਿੱਲੀ ਵਿੱਚ ਘਰ ਦੀ ਲਾਇਬ੍ਰੇਰੀ ਦੀਆ ਪੌੜੀਆ ‘ਚ’ ਡਿੱਗਣ ਦੇ ਕਾਰਨ ਮੌਤ ਹੋ ਗਈ । ਉਸ ਸਮੇਂ ਅਕਬਰ ਦੀ ਉਮਰ ਛੋਟੀ ਹੀ ਸੀ। ਉਹ ਮੁਗ਼ਲ ਸਾਮਰਾਜ ਨੂੰ ਸੰਭਾਲਣ ਯੋਗੀ ਨਹੀ ਸੀ। ਜਿਸ ਕਾਰਣ ਬੈਰਮ ਖਾਂ ਜੋ ਕਿ ਬਾਦਸ਼ਾਹ ਹੁਮਾਯੂੰ ਦਾ ਵਿਸ਼ਵਾਸ਼ਯੋਗ ਸੀ ਨੂੰ ਅਕਬਰ ਦਾ ਸਰਪ੍ਰਸਤ ਬਣਾਇਆ ਗਿਆ। ਬੈਰਮ ਖਾਂ ਨੂੰ 1556-1560ਈ: ਤੱਕ ਮੁਗ਼ਲ ਸਾਮਰਾਜ ਦੀ ਵਾਗਡੋਰ ਸੰਭਾਲਦਾ ਰਿਹਾ। ਇਸ ਸਮੇਂ ਦੌਰਾਨ ਬੈਰਮ ਖਾਂ ਨੇ ਪਾਨੀਪਤ ਦੀ ਦੂਜੀ ਲੜਾਈ (1556ਈ:)ਵੀ ਕੀਤੀ।

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

14 ਫਰਵਰੀ 1556 ਈ: ਕਲਾਨੌਰ ਵਿਖੇ ਰਾਜ ਤਿਲਕ ਹੋਇਆ ਅਤੇ ਉਸਨੂੰ ਮੁਗ਼ਲ ਬਾਦਸ਼ਾਹ ਘੋਸ਼ਿਤ ਕੀਤਾ ਗਿਆ। ਇਸ ਤਰ੍ਹਾਂ 1556 ਈ: ਤੋਂ ਅਕਬਰ ਦਾ ਬਾਦਸ਼ਾਹ ਵਜੋਂ ਰਾਜ ਸ਼ੁਰੂ ਹੋ ਗਿਆ। 1556-1560 ਈ: ਤੱਕ ਰਾਜ ਪ੍ਰਬੰਧ ਦੀ ਅਸਲੀ ਸ਼ਕਤੀ ਬੈਰਮ ਖਾਂ ਦੇ ਹੱਥਾਂ ਵਿੱਚ ਹੀ ਸੀ। ਅਕਬਰ ਇੱਕ ਸਾਮਰਾਜਵਾਦੀ ਸ਼ਾਸ਼ਕ ਸੀ ਉਸ ਅੰਦਰ ਵੱਧ ਤੋਂ ਵੱਧ ਪ੍ਰਦੇਸ਼ ਜਿੱਤਣ ਦੀ ਲਾਲਸਾਂ ਸ਼ੁਰੂ ਹੋ ਗਈ ਸੀ। ਉਹ ਆਪ ਹੀ ਕਹਿੰਦਾ ਸੀ ਕਿ ਇੱਕ ਸਮਰਾਜ ਨੂੰ ਸਦਾ ਹੀ ਜਿੱਤ ਲਈ ਤਿਆਰ ਰਹਿਣਾਂ ਚਾਹੀਦਾ ਹੈ ਨਹੀ ਤਾਂ ਉਸਦਾ ਗੁਆਂਢੀ ਸ਼ਾਸ਼ਕ ਉਸਦੇ ਵਿਰੁੱਧ ਹਥਿਆਰ ਚੁੱਕ ਲਏਗਾ। ਆਪਣੀਆਂ ਸਾਮਰਾਜਵਾਦੀ ਜਿੱਤਾਂ ਲਈ ਅਕਬਰ ਬਾਦਸ਼ਾਹ ਨੇ ਭਾਰਤ ਦੇ ਸਾਰੇ ਆਕਾਸ਼ ਪ੍ਰਦੇਸ਼ ਜਿੱਤਣ ਦਾ ਫੈਸਲਾਂ ਕੀਤਾ। ਉਸਨੇ ਉੱਤਰੀ ਭਾਰਤ,ਪੱਛਮੀ ਭਾਰਤ ਅਤੇ ਦੱਖਣੀ ਭਾਰਤ ਵਿੱਚ ਬਹੁਤ ਸਾਰੀਆਂ ਲੜਾਈਆਂ ਜਿੱਤੀਆ ਅਤੇ ਮੁਗ਼ਲ ਸਮਰਾਜ ਦਾ ਵਿਸਥਾਰ ਕੀਤਾ। ਉਹ ਉਦੋਂ ਤੱਕ ਨਹੀ ਬੈਠਾਂ ਜਦੋਂ ਤੱਕ ਉਸਨੇ ਪੂਰੇ ਭਾਰਤ ਨੂੰ ਨਹੀ ਜਿੱਤ ਲਿਆ ਤੇ ਇੱਕ ਮਹਾਨ ਬਾਦਸ਼ਾਹ ਵਜੋਂ ਜਾਣਨ ਲੱਗਾ। ਅਕਬਰ ਨੂੰ ਨਸਤਾਲਿਕ ਲਿਪੀ ਬਹੁਤ ਪ੍ਰਸੰਦ ਸੀ। ਇਹ ਫਾਰਸੀ ਦੀਆਂ ਅੱਠ ਲਿੱਪੀਆ ਵਿੱਚੋਂ ਇੱਕ ਲਿਪੀ ਸੀ। ਅਕਬਰ ਦੇ ਦਰਬਾਰ ਵਿੱਚ ਨਸਤਾਲਿਕ ਲਿੱਪੀ ਲਿੱਖਣ ਵਾਲਾ ਮੁਹੰਮਦ ਹੁਸੈਨ ਪ੍ਰਸਿੱਧ ਲੇਖਕ ਸੀ। ਅਕਬਰ ਨੇ ਰਮਾਇਣ, ਬਾਬਰਨਾਮਾ ਅਤੇ ਰਾਜਤੰਗਣੀ ,ਪੰਚਤੰਤਰ ਤੇ ਅਰਥਵੇਦ ਗ੍ਰੰਥ ਨੂੰ ਵੀ ਫਾਰਸੀ ਭਾਸ਼ਾਂ ਵਿੱਚ ਅਨੁਵਾਦ ਕਰਵਾਇਆ।

ਅਕਬਰਨਾਮਾ ਅਬੁਲ ਫ਼ਜ਼ਲ ਦੀ ਰਚਨਾਂ ਹੈ।ਇਹ ਅਕਬਰ ਦੀ ਜੀਵਨੀ ਹੈ। ਇਸ ਵਿੱਚ ਤੈਮੂਰ ਵੰਸ਼,ਬਾਬਰ ਤੇ ਹੁਮਾਯੂੰ ਦਾ ਵੀ ਜ਼ਿਕਰ ਕੀਤਾ ਗਿਆ। ਅਕਬਰ ਨੇ ਆਪਣੇਂ ਸਮਰਾਜ ਵਿੱਚ ਬੁਲੰਦ ਦਰਵਾਜ਼ਾਂ ਗੁਜਰਾਤ ਨੂੰ ਬਣਾਇਆ। ਬੁਲੰਦ ਦਾ ਅਰਥ ਹੈ ਕਿ ਮਹਾਨ ਜਾਂ ਉੱਚਾ।ਇਸ ਦੀ ਲੰਬਾਈ 54 ਮੀਟਰ ਹੈ। ਇਸਨੂੰ **GATE OF MAGNIFIENCE** ਵੀ ਕਿਹਾ ਜਾਦਾ ਹੈ। ਬੁਲੰਦ ਦਰਵਾਜ਼ਾਂ ਫਾਰਸੀ ਸ਼ੈਲੀ ਵਿੱਚ ਬਣਾਇਆ ਗਿਆ ਹੈ।

**ਅਕਬਰ ਦੀ ਰਾਜਪੂਤ ਨੀਤੀ**

ਰਾਜਪੂਤ ਰਾਜਸਥਾਨ ਦੀ ਇੱਕ ਬਹਾਦਰ ਜਾਤੀ ਸੀ। ਸਮਰਾਟ ਅਕਬਰ ਨੇ ਰਾਜਪੂਤਾਂ ਪ੍ਰਤੀ ਮਿੱਤਰਤਾਂ ਦੀ ਨੀਤੀ ਅਪਣਾਂ ਕੇ ਉਹਨਾਂ ਨੂੰ ਰਾਜ ਭਗਤ ਬਣਾਂ ਲਿਆ।ਉਹਨਾਂ ਦੀ ਮਿੱਤਰਤਾਂ ਮੁਗ਼ਲ ਸਮਰਾਜ ਲਈ ਉਪਯੋਗੀ ਸਿੱਧ ਹੋਈ। ਉਹ ਆਪਣਾ ਖ਼ੂਨ ਵਹਾ ਕੇ ਮੁਗ਼ਲ ਸਮਰਾਜ ਦੀ ਰੱਖਿਆ ਕਰਦੇ ਰਹੇ।ਅਕਬਰ ਨੇ ਰਾਜਪੂਤਾਂ ਨਾਲ ਸਮਝੌਤਾਂ ਰੱਖਣ ਦੀ ਨੀਤੀ ਨਾਲ਼ ਕਈ ਰਾਜਪੂਤ ਰਾਜਾ ਨਾਲ ਸ਼ਾਤੀ ਸੰਬੰਧ ਕਾਇਮ ਕੀਤੇ ਤੇ ਰਾਜਪੂਤਾਂ ਨਾਲ ਵਿਆਹ ਸੰਬੰਧ ਰੱਖੇ। ਅਕਬਰ ਨੇ ਜੈਪੁਰ ਦੇ ਰਾਜਾ ਬਿਹਾਰੀਮਲ ਦੀ ਵੱਡੀ ਪੁੱਤਰੀ ਨਾਲ ਵਿਆਹ ਕੀਤਾ ਇਸ ਤੋਂ ਇਲਾਵਾ ਬੀਕਾਨੈਰ ਅਤੇ ਜੈਸਲਮੇਰ ਦੇ ਰਾਜਪੂਤਾਂ ਦੀਆਂ ਰਾਜਕੁਮਾਰੀਆ ਨਾਲ ਵੀ ਵਿਆਹ ਕੀਤੇ। ਸਾਰੇ ਰਾਜਪੂਤਾਂ ਰਾਜਾ ਨੇ ਅਕਬਰ ਦੀ ਰਾਜਪੂਤ ਨੀਤੀ ਨੂੰ ਸਵੀਕਾਰ ਕੀਤਾ। ਪਰ ਮੇਵਾੜ ਦੇ ਰਾਜਾ ਨੇ ਅਕਬਰ ਦੀ ਸ਼ਕਤੀ ਦਾ ਵਿਦਰੋਹ ਕੀਤਾ। ਮੇਵਾੜ ਹੀ ਸੀ ਜਿਸਨੇ ਅਕਬਰ ਦੇ ਗਠਬੰਧਨ ਨੂੰ ਸਵੀਕਾਰ ਨਹੀ ਕੀਤਾ। ਅਕਬਰ ਨਹੀ ਸੀ ਚਾਹੁੰਦਾ ਕਿ ਰਾਜਸਥਾਨ ਵਿੱਚ ਉਸ ਨਾਲ ਇਹੋ ਜਿਹਾ ਵਿਵਹਾਰ ਕਰੇ ਇਸ ਕਰਕੇ ਅਕਬਰ ਵਲੋਂ ਮੇਵਾੜ ਪ੍ਰਤੀ ਹਥਿਆਰ ਚੁਕਣੇਂ ਪਏ ਦੋ ਤਿੰਨ ਸਾਲਾ ਦੇ ਅੰਦਰ ਹੀ ਅਕਬਰ ਨੇ ਚਿਤੋੜ, ਜੋਧਪੁਰ, ਬੀਕਾਨੈਰ, ਜੈਸਲਮੇਰ, ਮੁਗ਼ਲ ਸਮਰਾਜ ਵਿੱਚ ਸ਼ਾਮਲ ਕੀਤੇ ਅਤੇ ਵਿਆਹ ਸੰਬੰਧ ਕਾਇਮ ਕੀਤੇ।ਉਦੈ ਸਿੰਘ ਮੇਵਾੜ ਦੇ ਨੇੜੇ ਹੀ ਸੀ। ਉਸ ਨੂੰ ਚਿਤੋੜ ਉੱਤੇ ਮੁਗ਼ਲਾਂ ਦੇ ਅਧਿਕਾਰ ਦੀ ਜਾਣਕਾਰੀ ਮਿਲੀ। ਉਦੈ ਸਿੰਘ ਅੰਦਰ ਅਕਬਰ ਨਾਲ ਯੁੱਧ ਕਰਨ ਦਾ ਸਾਹਸ ਨਹੀ ਸੀ।ਉਹ ਜੈਸਲਮੇਰ ਦੀਆ ਪਹਾੜੀਆ ਵਿੱਚ ਦੌੜ ਗਿਆ। ਰਾਜਪੂਤਾਂ ਨੇ ਡੱਟ ਕੇ ਮੁਕਾਬਲਾਂ ਕੀਤਾ ਤੇ ਫਿਰ ਅਕਬਰ ਨੇ ਸੁਰੰਗ ਨੀਤੀ ਅਪਣਾਈ। ਇਸ ਤਰ੍ਹਾਂ ਦੋ ਸੁਰੰਗਾਂ ਬਣਾਈਆ ਤੇ ਉਹਨਾਂ ਸੁਰੰਗਾਂ ਰਾਹੀ ਗੋਲਾ ਬਾਰੂਦ ਲਿਆਂਦੇ ਜਾਂਦੇ ਸੀ ਤੇ ਇਹ ਸੁਰੰਗਾਂ ਰਾਹੀ ਕਿਲੇ ਦੀਆਂ ਕੰਧਾਂ ਉਠਾਂਣੀਆ ਚਾਹੀਆ। ਇਸ ਤਰ੍ਹਾਂ ਕਈ ਰਾਜਪੂਤ ਇਹ ਯੁੱਧ ਦੇਖ ਰਹੇ ਸੀ। ਪਰ ਕੁਝ ਕਰ ਨਹੀ ਸਕੇ। ਇਸ ਤਰ੍ਹਾਂ ਮੁਗ਼ਲਾ ਨੇ ਚਿਤੌੜ ਉੱਤੇ ਵੀ ਅਧਿਕਾਰ ਕਰ ਲਿਆ ਜੋਧਪੁਰ ਦੇ ਰਾਜਪੂਤੀ ਰਾਜ ਮਲਦੇਵ ਦੇ ਪੁੱਤਰ ਚੰਦਰਸੇ ਨਗੋਰ ਵਿੱਚ ਅਕਬਰ ਦੀ ਸ਼ਰਨ ਵਿੱਚ ਆਇਆ। ਪਰ ਜ਼ਿਆਦਾ ਦੇਰ ਤੱਕ ਮਿੱਤਰਤਾਂ ਕਾਇਮ ਨਹੀ ਰਹੀ ਤਾਂ ਉਹ ਅਕਬਰ ਦੀ ਸ਼ਕਤੀ ਦੇ ਵਿਰੁੱਧ ਹੋ ਗਿਆ।ਤਾਂ ਮੁਗ਼ਲਾਂ ਨੇ ਜੋਧਪੁਰ ਵਿਖੇ ਹਮਲਾਂ ਕੀਤਾ ਤੇ ਬੀਕਾਨੈਰ ਰਾਜਪੂਤੀ ਰਾਜਾਂ ਰਾਜ ਸਿੰਘ ਨੂੰ ਦੇ ਦਿੱਤਾ।ਰਾਜ ਸਿੰਘ ਦੇ ਪਿਤਾ ਦਲਨਮਲ ਨੇ ਅਕਬਰ ਨੂੰ ਭੇਟ ਦੀ ਤੌਰ ਤੇ ਆਪਣੀ ਪੁੱਤਰੀ ਦਾ ਵਿਆਹ ਅਕਬਰ ਨਾਲ ਕਰ ਦਿੱਤਾ।

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

### ਰਾਜਪੂਤਾਂ ਨੂੰ ਜਗੀਰਾ

ਜਗੀਰਦਾਰੀ ਪ੍ਰਥਾਂ ਮੁਗ਼ਲ ਪ੍ਰਸ਼ਾਸ਼ਨ ਦੀ ਇੱਕ ਅਤਿਅੰਤ ਮਹੱਤਵਪੂਰਨ ਸੰਸਥਾਂ ਸੀ।ਇਸ ਸੰਸਥਾਂ ਦੀ ਨੀਂਹ ਅਕਬਰ ਦੇ ਸ਼ਾਸ਼ਨ ਕਾਲ ਵਿੱਚ ਰੱਖੀ ਗਈ ਸੀ। ਪਰ ਮਹਾਰਾਜਾਂ ਦੇ ਸ਼ਾਸਨ ਕਾਲ ਵਿੱਚ ਜਾਂ ਕੇ ਇਸ ਨੂੰ ਜਟਿਲ ਰੂਪ ਵਿੱਚ ਧਾਰਨ ਕਰ ਲਿਆ। ਇਹ ਸੰਸਥਾਂ ਦੋ ਮੁੱਖ ਉਦੇਸ਼ਾਂ ਸਾਹਮਣੇਂ ਰੱਖ ਕੇ ਸਥਾਪਿਤ ਕੀਤੀ ਗਈ। ਪਹਿਲਾਂ,ਇਸ ਸੰਸਥਾਂ ਦੁਆਰਾ ਸਾਮਰਾਜ ਦੇ ਲਈ ਕੁਸ਼ਲ ਅਤੇ ਵਫ਼ਾਦਾਰ ਵਿਅਕਤੀਆ ਦੀਆਂ ਸੇਵਾਵਾਂ ਪ੍ਰਾਪਤ ਕਰਨ ਦਾ ਯਤਨ ਕੀਤਾ ਗਿਆ।ਦੂਸਰਾਂ,ਇਸ ਸੰਸਥਾਂ ਕਾਰਨ ਸਾਮਰਾਜ ਨੂੰ ਭੂਮੀ ਲਗਾਨ ਵਸੂਲ ਕਰਨ ਅਤੇ ਪਿੰਡ ਵਿੱਚ ਕਾਨੂੰਨ ਵਿਵਸਥਾਂ ਬਣਾਏ ਰੱਖਣ ਦੀਆਂ ਸਮੱਸਿਆ ਤੋਂ ਛੁਟਕਾਰਾ ਮਿਲਿਆ। ਇਸ ਤਰ੍ਹਾਂ ਮੁਗ਼ਲ ਸਮਰਾਟ ਅਕਬਰ ਵੱਲੋਂ ਰਾਜਪੂਤਾਂ ਨੂੰ ਕਈ ਜਾਗੀਰਾ ਦਿੱਤੀਆ ਗਈਆਂ। ਜੋ ਮਨਸਬਦਾਰਾਂ ਨੂੰ ਨਕਦ ਤਕਖਾਹਾ ਪ੍ਰਾਪਤ ਕਰਦੇ ਸਨ ਨੂੰ ਨਕਦੀ ਅਤੇ ਜੋ ਨਕਦ ਤਨਖਾਹ ਦੀ ਜਗ੍ਹਾਂ ਜਗੀਰ ਪ੍ਰਾਪਤ ਕਰਦੇ ਸਨ । ਉਨ੍ਹਾਂ ਨੂੰ ਜਾਗੀਰਦਾਰ ਕਿਹਾ ਜਾਂਦਾ ਹੈ। ਅਕਬਰ ਵੱਲੋਂ ਜਗੀਰਾਂ ਰਾਜਪੂਤਾਂ ਨੂੰ ਵੀ ਦਿੱਤੀਆ ਗਈਆਂ ਜੋ ਕਿ ਇਸ ਤਰ੍ਹਾਂ

1 .**ਤਨਖਾਹ-ਏ-ਜਾਗੀਰ**:- ਇਹ ਉਹ ਜਾਗੀਰ ਸਨ ਜਿਨ੍ਹਾਂ ਨੂੰ ਮਨਸਬਦਾਰਾਂ ਨੂੰ ਤਨਖਾਹ ਦੇ ਬਦਲੇ ਦਿੱਤੀਆਂ ਜਾਂਦੀਆ ਸਨ।ਇਹਨਾਂ ਨੂੰ ਜਾਗੀਰ-ਏ-ਤਨਖਾਹ ਕਿਹਾ ਜਾਂਦਾ ਹੈ।

2. **ਮਸ਼ਰੂਤ-ਏ-ਜਾਗੀਰ**:- ਇਹ ਉਹ ਜਾਗੀਰ ਜਿਹੜੀਆ ਮਨਸਬਦਾਰਾਂ ਨੂੰ ਕਿਸੇ ਵਿਸ਼ੇਸ਼ ਸ਼ਰਤ ਤੇ ਦਿੱਤੀਆ ਜਾਂਦੀਆ ਸਨ। ਜੇਕਰ ਕਿਸੇ ਵਿਸ਼ੇਸ ਉਦੇਸ਼ ਲਈ ਕਿਸੇ ਅਜਿਹੇ ਸਥਾਨ ਤੇ ਨਿਯੁਕਤ ਕੀਤਾ ਜਾਂਦਾ ਸੀ ਜਿੱਥੇ ਉਸਨੂੰ ਵਧੇਰੇ ਸੈਨਾਂ ਕੀ ਲੋੜ ਹੁੰਦੀ ਸੀ ਤਾਂ ਉਸਨੂੰ ਵਾਧੂ ਖਰਚ ਦੇ ਲਈ ਮਸ਼ਰੂਤ ਜਾਗੀਰ ਦਿੱਤੀ ਜਾਂਦੀ ਸੀ। ਕੰਮ ਪੂਰਾਂ ਹੋਣ ਤੇ ਮਸ਼ਰੂਤ ਜਾਗੀਰ ਨੂੰ ਵਾਪਿਸ ਲੈ ਲਿਆ ਜਾਂਦਾ ਸੀ।

3.**ਵਤਨ ਜਗੀਰਾ-** ਇਹ ਉਹ ਜਾਗੀਰ ਸਨ ਜਿਸ ਨੂੰ ਬਦਲੀ ਨਹੀ ਕੀਤਾ ਜਾ ਸਕਦਾ ਹੈ ਅਤੇ ਇਹ ਜਾਗੀਰਾਂ ਜਿਮੀਂਦਾਰਾ ਅਤੇ ਸਾਬਕਾਂ ਸੁੰਤਤਰ ਸ਼ਾਸ਼ਕਾਂ ਦੇ ਮੁਗ਼ਲਾਂ ਸੇਵਾ ਵਿੱਚ ਪ੍ਰਵੇਸ਼ ਦੇ ਕਾਰਨ ਹੋਂਦ ਵਿੱਚ ਆਇਆ। ਉਨ੍ਹਾਂ ਦੇ ਅਧੀਨ ਪੁਰਾਣੇ ਖੇਤਰਾਂ ਨੂੰ ਵਤਨ ਕਿਹਾ ਜਾਂਦਾ ਸੀ ਜਿੱਥੇ ਉਹ ਆਪਣੇਂ ਪਰਿਵਾਰ ਦੇ ਨਾਲ ਨਿਵਾਸ ਕਰਦੇ ਸਨ। ਇਸ ਲਈ ਵਤਨ ਜਾਗੀਰਾਂ ਆਮ ਤੌਰ ਤੇ ਜੱਦੀ ਹੁੰਦੀਆ ਸਨ

**।4 ਇਨਾਮ ਜਾਗੀਰਾ** -ਇਹ ਉਹ ਜਾਗੀਰ ਸਨ ਜੋ ਬਾਦਸ਼ਾਹ ਰਾਜਪੂਤਾਂ ਨੂੰ ਉਸਦੇ ਦੁਆਰਾ ਮੁਗ਼ਲ ਸਾਮਰਾਜ ਨੂੰ ਕੀਤੀਆ ਗਈਆਂ। ਵਿਸ਼ੇਸ਼ ਸੇਵਾਵਾਂ ਦੇ ਬਦਲੇ ਕਾਰਨ ਪ੍ਰਦਾਨ ਕਰਦਾ ਸੀ। ਜਾਗੀਰ ਰਾਜਪੂਤਾਂ ਨੂੰ ਬਿਨਾ ਕਿਸੇ ਮੂਰਤ ਜਾਂ ਸੂਰਤ ਕਰਤਵੱਤ ਦੇ ਆਧਾਰ ਤੇ ਦਿੱਤੀਆ ਜਾਂਦੀਆ ਹਨ।

### ਅਕਬਰ ਅਧੀਨ ਰਾਪਪੂਤਾਂ ਨੂੰ ਸਰਕਾਰੀ ਨੋਕਰੀਆ

ਅਕਬਰ ਨੇ ਆਪਣੀ ਰਾਜਪੂਤ ਨੀਤੀ ਨੂੰ ਜ਼ਿਆਦਾ ਪ੍ਰਭਾਵਸ਼ਾਲੀ ਬਣਾਉਣ ਲਈ ਬਹੁਤ ਸਾਰੇ ਰਾਜਪੂਤ ਸਰਦਾਰਾਂ ਨੂੰ ਉੱਚ ਸਰਕਾਰੀ ਪਦਵੀਆ ਪ੍ਰਦਾਨ ਕੀਤੀਆ।ਇਸ ਤਰ੍ਹਾਂ ਪਹਿਲਾਂ ਤਾਂ ਮੁਸਲਮਾਨ ਅਤੇ ਰਾਜਪੂਤ ਲੋਕ ਯੁੱਧਾਂ ਵਿੱਚ ਹੀ ਰੁੱਝੇ ਰਹਿੰਦੇ ਸਨ ਪਰ ਰਾਜਪੂਤਾਂ ਨੂੰ ਮੁਸਲ਼ਮਾਨ ਪਦ ਅਧਿਕਾਰੀਆ ਨੂੰ ਇੱਕੋ ਜਿਹੇ ਦਰਜੇ ਮਿਲੇ। ਜਿਹੜੇ ਸਰਕਾਰ ਰਾਜਪੂਤਾਂ ਨੂੰ ਪਦਵੀਆ ਮਿਲੀਆ ਉਹਨਾਂ ਦੇ ਨਾ ਰਾਜਾ ਭਗਵਾਨ ਦਾਸ,ਮਾਨ ਸਿੰਘ,ਭੀਮਸੈਨ,ਰਾਇ ਸਿੰਘ ਤੇ ਟੋਡਰਮਲ ਆਦਿ।ਇਹਨਾਂ ਕੋਲ ਮਹੱਤਵਪੂਰਨ ਸੈਨਿਕ ਅਤੇ ਪਦਵੀਆ ਸਨ।ਭਾਵੇ ਇਹਨਾਂ ਦੀ ਸੰਖਿਆ ਕੋਈ ਜ਼ਿਆਦਾ ਨਹੀ ਸੀ ਫਿਰ ਵੀ ਇਹ ਅਕਬਰ ਦੇ ਦੋਸਤਾਨਾਂ ਦ੍ਰਿਸ਼ਟੀਕੋਣ ਦਾ ਚਿੰਨ੍ਹ ਹੈ।

### ਰਾਜਪੂਤਾਂ ਲਈ ਕਲਾ ਦਾ ਪ੍ਰਬੰਧ

ਅਕਬਰ ਨੇ ਰਾਜਪੂਤਾਂ ਨੂੰ ਮੁਗ਼ਲਾਂ ਦੇ ਤੌਰ ਨੇੜੇ ਲਿਆਉਣ ਲਈ ਉਹਨਾਂ ਨਾਲ ਇੱਕ ਸੂਚਿਤ ,ਕਲਾ ਸਥਾਪਿਤ ਕੀਤੀ।ਅਕਬਰ ਨੇ ਆਪਣੇ ਸਾਮਰਾਜ ਵਿੱਚ ਮੁਸਲਿਮ ਕਲਾਂ ਕਈ ਤਾਂ ਕਈ ਪ੍ਰਬੰਧ ਕੀਤੇ। ਪਰ ਬਾਅਦ ਵਿੱਚ ਉਨ੍ਹਾਂ ਨੇ ਰਾਜਪੂਤਾਂ ਕਈ ਭਾਵਨਾਂ ਦੀ ਉਸਾਰੀ ਕਰਵਾਈ। ਜੋ ਕਿ ਮੁਗ਼ਲ ਸਾਮਰਾਜ ਅਧੀਨ ਕਲਾਂ ਦਾ ਇੱਕ ਖ਼ਾਸ ਨਮੂਨਾਂ ਹੈ ਉਹ ਫਤਿਹਪੁਰ ਸੀਕਰੀ ਦਾ ਭਵਨ ਇਸ ਦਾ ਪ੍ਰਮਾਣ ਹੈ। ਕਈ ਰਾਜਪੂਤ

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

ਕਲਾਕਾਰਾਂ ਨੂੰ ਅਕਬਰ ਨੇ ਆਪਣੇਂ ਰਾਜ ਵਿੱਚ ਜਗਾ ਦਿੱਤੀ ਹੈ। ਚਿੱਤਰਕਾਰੀ-ਰਾਜਪੂਤਾਂ ਚਿੱਤਰਕਾਰੀ ਨੂੰ ਦੋ ਸਮੂਹ ਵਿੱਚ ਵੰਡਿਆ ਗਿਆ।ਰਾਜਸਥਾਨੀ ਤੇ ਪਹਾੜੀ। ਜਿਵੇਂ ਇਹਨਾਂ ਦੇ ਨਾ ਤੋਂ ਉਦੇਸ਼ ਮਿਲਦੇ ਹੈ ਕਿ ਰਾਜਸਥਾਨੀ ਸਮੂਹ,ਜਿਸਨੂੰ ਜੈਪੁਰੀ ਕਲਮਵੀ ਕਹਿੰਦੇ ਹਨ।ਇਸ ਤਰ੍ਹਾਂ ਇਹ ਰਾਜਸਥਾਨ ਰਾਜ ਤੇ ਬਦੇਲਖੰਡ,ਇਲਾਕੇ ਵਿੱਚ ਪ੍ਰਚਲਿਤ ਹੋਣ ਵਾਲੀ ਸ਼ੈਲੀ ਹੈ।ਇਸ ਚਿੱਤਰਕਾਰੀ ਦੇ ਮੁੱਖ ਕੇਂਦਰ ਜੈਪੁਰ,ਬੀਕਾਨੇਰ,ਉਦੈਪੁਰ ਇਹ ਰਾਜਪੂਤ ਦਰਬਾਰ ਸੀ। ਦੂਸਰਾਂ ਸਮੂਹ ਪਹਾੜੀ ਇਹ ਬਹੁਤ ਵੱਡੇ ਖੇਤਰ ਵਿੱਚ ਵਿਕਸਿਤ ਹੋਇਆ ਸੀ। ਇਸ ਵਿੱਚ ਸ਼ਿਵਾਲਿਕ ਪਹਾੜੀਆ ਦੇ ਸਥਿਤ ਸਥਾਨ ਜੰਮੂ, ਨੂਰਪੁਰ, ਕਾਂਗੜਾਂ ਹਰਿਪੁਰ ਆਦਿ ਤੇ ਇਹਨਾਂ ਕਲਾਂ ਦੇ ਸਥਾਨ ਗਮਨ, ਚੰਬਾ, ਕੁੱਲੂ ਵਿੱਚ ਸਥਿਤ ਸੀ। ਮੁਗ਼ਲ ਸਮਰਾਜ ਦੀ ਸਰਕਾਰੀ ਪ੍ਰਕਾਰ ਦੀ ਦਰਬਾਰੀ ਚਿੱਤਰਕਲਾ ਸੀ। ਜਿਸ ਵਿੱਚ ਦਰਬਾਰ ਅਤੇ ਇਤਿਹਾਸਿਕ ਰੂਪ ਦੀ ਬਹੁਤਲਾਂ ਹੈ। ਜਦਕਿ ਰਾਜਪੂਤ ਸ਼ੈਲੀ ਵਿੱਚ ਦੇਸ਼ ਦੀ ਮਿੱਟੀ ਦੀ ਉਮੀਦ ਸੀ।ਇਸ ਸ਼ੈਲੀ ਦਾ ਅਜੰਡਾਂ ਤੇ ਵਾਗਾਂ ਦੀ ਪ੍ਰਦਾਨ ਦੇ ਮਹਾਨ ਕਲਾ ਵਿੱਚ ਸੀ। ਅਕਬਰ ਨੇ ਰਾਜਪੂਤਾਂ ਕਲਾਂ ਨਾਲ ਆਪਣੀ ਮੁਸਲਿਮ ਕਲਾਂ ਵਿੱਚ ਵੀ ਸੰਯੁਕਤਾਂ ਕਰਕੇ ਆਪਣੇ ਹੋਰ ਪ੍ਰਸਿੱਧੀ ਬਣਾਈ। ਅਕਬਰ ਨੇ ਰਾਜਪੂਤ ਕਲਾਂ ਲਈ ਨਵੇਂ ਪ੍ਰਬੰਧ ਕਰਕੇ ਮੁਗ਼ਲਾਂ ਸਮਰਾਜ ਵਿੱਚ ਸ਼ਾਮਲ ਕੀਤੇ।

**ਧਾਰਮਿਕ ਉਦਾਰਤਾਂ ਦਾ ਪ੍ਰਭਾਵ**

ਡਾਂ.ਸਤੀਸ਼ ਚੰਦਰ ਅਕਬਰ ਦੀ ਧਾਰਮਿਕ ਨੀਤੀ ਨੂੰ ਮਹੱਤਵਪੂਰਨ ਮੰਨਦੇ ਸਨ। ਅਸਲ ਵਿੱਚ ਅਕਬਰ ਦੀ ਰਾਜਪੂਤ ਨੀਤੀ ਦਾ ਆਧਾਰ ਉਸਦੀ ਆਪਣੀ ਧਾਰਮਿਕ ਨੀਤੀ ਸੀ। ਉਸਨੇ ਜੋ ਧਰਮਾਂ ਵਿੱਚ ਭੇਦਭਾਵ ਕੀਤਾ ਜਾਂਦਾ ਸੀ। ਅਕਬਰ ਨੇ ਧਰਮ ਪਰਿਵਰਤਨ ਨੂੰ ਰੋਕ ਦਿੱਤਾ ਤੇ ਇਸ ਤਰ੍ਹਾਂ ਰਾਜਪੂਤ ਨੂੰ ਸਮਾਨਤਾਂ ਮਿਲੀ। ਅਕਬਰ ਪਹਿਲਾਂ ਭਾਰਤੀ ਮੁਸਲਮਾਨ ਸਮਰਾਟ ਜੀ ਜਿਸਨੇ ਧਾਰਮਿਕ ਭੇਦ-ਭਾਵ ਨੂੰ ਮਿਟਾ ਦਿੱਤਾ ਅਤੇ ਹਿੰਦੂ ਮੁਸਲਮਾਨਾਂ ਜਾਤ ਨੂੰ ਇੱਕ ਰਾਸ਼ਟਰੀ ਸੂਤਰ ਵਿੱਚ ਬੰਣ ਦਿੱਤਾ। ਉਸਨੇ ਰਾਜਪੂਤਾਂ ਨੂੰ ਧਾਰਮਿਕ ਪੱਖ ਤੋਂ ਸਮਾਨ ਰੱਖਣ ਲਈ ਮੁਗ਼ਲ ਦਰਬਾਰ ਵਿੱਚ ਹੋਲੀ, ਦੁਸ਼ਹਿਰਾਂ, ਦੀਵਾਲੀ ਆਦਿ ਤਿਉਹਾਰ ਮਨਾਉਣ ਦੀ ਆਗਿਆ ਦਿੱਤੀ। ਅਕਬਰ ਨੇ ਆਪਣੇ ਮੁਗ਼ਲ ਦਰਬਾਰ ਵਿੱਚ ਰਾਜਪੂਤ ਨੂੰ ਜਿੱਤਣਾ ਕਾਫੀ ਨਹੀ ਸੀ। ਅਕਬਰ ਨੇ ਹਿੰਦੂਆਂ ਵਿੱਚ ਪ੍ਰਚਲਿਤ ਸਮਾਜਿਕ ਬੁਰਾਇਆਂ ਕਿਵੇ ਬਾਲ ਵਿਆਹ,ਸਤੀ ਪ੍ਰਥਾ ਤੇ ਲੜਕੀ ਦੇ ਜਨਮ ਤੇ ਹੋਣ ਤੇ ਅਭਿਸ਼ਾਪ ਮੰਨਿਆ ਜਾਂਦਾ ਸੀ। ਤੇ ਜਨਮ ਲੈਣ ਤੇ ਮਾਰ ਦਿੱਤਾ ਜਾਂਦਾ ਸੀ ਆਦਿ ਬੁਰਾਇਆ ਵਿਰੁਧ ਆਵਾਜ਼ ਉਠਾਈ ਤੇ ਇਹਨਾਂ ਬੁਰਾਇਆਂ ਵਿਰੁੱਧ ਰੋਕ ਲਗਾਈ। ਇਸ ਤਰ੍ਹਾਂ ਅਕਬਰ ਨੇ ਆਪਣੀ ਧਾਰਮਿਕ ਨੀਤੀ ਦੁਆਰਾ ਰਾਜਪੂਤਾਂ ਨੂੰ ਵਿਸ਼ੇਸ਼ ਰੂਪ ਵਿੱਚ ਆਪਣੇ ਅਧੀਨ ਕਰਨ ਦਾ ਅਭਿਆਸ ਸੀ। ਇਸ ਤਰਾਂ ਅਕਬਰ ਦੀ ਧਾਰਮੀਕੀ ਨੀਤੀ ਨਾਲ ਰਾਜਪੂਤਾ ਨੂੰ ਸਾਮਨਤਾ ਮਿਲੀ ਇਸ ਧਾਰਮਿਕ ਉਦਾਰ ਨੀਤੀ ਨਾਲ ਇਸ ਤਰਾਂ ਅਕਬਰ ਜਿਵੇ ਰਾਜਪੂਤ ਵਿੱਚ ਉਸਦਾ ਜਨਮ ਹੋਣ, ਮੁਸਲਿਮ ਵਿਦਵਾਨ ਜਾਂ ਉਸ ਉੱਪਰ ਪ੍ਰਭਾਵ ਅਤੇ ਰਾਜਪੂਤ ਪਤਨੀਆਂ ਦਾ ਪ੍ਰਭਾਵ ਆਦਿ ਸੀ। ਭੂਗੋਲਿਕ ਸਥਿਤੀ ਵਿੱਚ ਰਾਜਪੂਤਾਂ ਤੇ ਅਧਿਕਾਰ ਅਕਬਰ ਦਾ ਰਾਜਪੂਤ ਤੇ ਅਧਿਕਾਰ ਭੂਗੋਲਿਕ ਸਥਿਤੀ ਕਰਕੇ ਵੀ ਪ੍ਰਭਾਵ ਪਿਆ। ਭੂਗੋਲਿਕ ਦੇ ਪੱਥ ਤੋਂ ਰਾਜਸਥਾਨ ਦਿੱਲ਼ੀ ਦੇ ਦੱਖਣ ਵਿੱਚ ਸਥਿਤ ਸੀ। ਜੋ ਦੱਖਣ ਪੱਛਮ ਪ੍ਰਦੇਸ਼ ਸੀ। ਤੇ ਇਸਦੇ ਨਾਲ ਲਗਦੇ ਪ੍ਰਦੇਸ਼ ਦੀ ਰੱਖਿਆਂ ਜ਼ਰੂਰੀ ਸੀ ਤੇ ਅਕਬਰ ਦੇ ਪੱਖੋ ਇਸਤੇ ਮੁਗਲ ਸਮਾਰਾਜ ਦੇ ਹੋਣਾ ਜ਼ਰੂਰੀ ਸੀ ਇਸ ਲਈ ਉਸਨੇ ਸਭ ਤੋ ਪਹਿਲਾਂ ਰਾਜਸਥਾਨ ਲਗਦੇ ਸਾਰੇ ਪ੍ਰਦੇਸ਼ ਤੇ ਅਧਿਕਾਰ ਕਰਨਾ ਸ਼ੁਰੂ ਕਰ ਦਿੱਤਾ ਤੇ ਆਪਣੇ ਮੁਗਲ ਸਮਾਰਾਜ ਦਾ ਵਿਸਥਾਰ ਕੀਤਾ। ਅਕਬਰ ਦੀ ਰਾਜਪੂਤ ਨੀਤੀ ਜੋ ਕਿ ਬਹੁਤ ਧਨੀ ਸੀ। ਉਸਨੂੰ ਧਨ ਰੂਪ ਵਿੱਚ ਪ੍ਰਾਪਤ ਕਰਨਾ ਨਹੀਂ ਸੀ ਬਲਕਿ ਉਸਦੀ ਸ਼ਾਂਤੀ ਸਥਾਪਿਤ ਕਰਨ ਦੀ ਨੀਤੀ ਸੀ. ਜਿਸ ਨਾਲ ਰਾਜਪੂਤਾ ਨੂੰ ਸ਼ਾਂਤੀ ਦਾ ਸਹਿਯੋਗ ਮਿਲੀਆ। ਅਕਬਰ ਨੇ ਹੋਲੀ ਹੋਲੀ ਉੱਤਰੀ ਭਾਰਤ ਦੇ ਪ੍ਰਦੇਸ਼ ਤੇ ਦੱਖਣ ਵਿੱਚ ਆਪਣੇ ਮੁਗਲ ਸਮਰਾਜ ਦਾ ਵਿਸਥਾਰ ਕੀਤਾ ਮੁੱਖ ਸਥਾਨ ਮੇਵਾੜ,ਚਿੜੌੜ,ਕੰਧਾਰ ,ਜੰਮੂ ,ਮਾਲਵਾ ਆਦਿ ਨੂੰ ਜਿੱਤ ਪ੍ਰਾਪਤ ਕੀਤੀ।

**ਜੱਜੀਆਂ ਕਰ**

ਮੁਗਲ ਸਮਰਾਜ ਵਿੱਚ ਆਮਦਨ ਦੀ ਨੀਤੀ ਨੂੰ ਕਰ ਦੇ ਤੋਰ ਤੇ ਬਣਾਇਆਂ ਗਿਆ। ਜੋ ਕਿ ਜਹਾਂਗੀਰ ਤੋਂ ਪ੍ਰਚਲਿਤ ਨੀਤੀ ਜਜੀਆਂ ਕਰ ਨੂੰ ਪ੍ਰਵਾਨਤਾ ਦਿੱਤੀ ਗਈ। ਇਹ ਕਰ ਹਿੰਦੂਆਂ ਤੇ ਰਾਜਪੂਤ ਤੇ ਲਗਾਇਆਂ ਜਾਂਦਾ ਸੀ। ਜੋ ਕਿ ਉਹਨਾਂ ਦੀ ਭੂਮੀ ਦੇ ਮੁਤਾਬਿਕ ਕਰ ਵਸੂਲ ਕੀਤਾ ਜਾਂਦਾ ਸੀ। ਉਹਨਾਂ ਦੁਆਰਾ ਭੂਮੀ ਦੀ ਪੈਮਾਇਸ਼ ਵਜੋ ਲਿਆਂ ਜਾਂਦਾ ਸੀ। ਕਿ ਉਹਨਾਂ ਦੀ ਜਗੀਰ ਭੂਮੀ ਦੀ ਪੈਦਾਵਾਰ ਤੇ ਮੁਤਾਬਿਕ ਕਰ ਲਿਆ

**International Journal of Research**
*e-ISSN: 2348-6848 & p-ISSN 2348-795X Vol-5, Special Issue-9*
**International Seminar on Changing Trends in Historiography: A Global Perspective**
Held on 2nd February 2018 organized by **The Post Graduate Department of History. Dev Samaj College for Women, Ferozepur City, Punjab, India**

ਜਾਂਦਾ ਸੀ ਇਸਨੂੰ ਜੱਜੀਆਂ ਕਰ ਕਿਹਾ ਜਾਂਦਾ ਸੀ। ਪਰ ਅਕਬਰ ਨੇ ਇਸ ਕਰ ਨੂੰ ਬੰਦ ਕਰ ਦਿੱਤਾ ਤਾਂ ਅਕਬਰ ਨੇ ਇਸਨੂੰ ਆਪਣੇ ਰਾਜ ਦੇ ਸਮੇ ਬੰਦ ਕਰਨ ਬਾਰੇ ਸੋਚਿਆ। ਤੇ ਕਰ ਬੰਦ ਹੋਣ ਨਾਲ ਹਿੰਦੂਆਂ ਨੂੰ ਸ਼ਾਮਲ ਕੀਤਾ। ਜਜੀਆਂ ਕਰ ਮੁਸਲਮਾਨ ਤੋਂ ਲਿਆਂ ਜਾਂਦਾ ਸੀ। ਜੋ ਮੁਸਲਮਾਨ ਬਾਹਰ ਦੇ ਹੁੰਦੇ ਸੀ। ਉਹਨਾਂ ਕੋਲੋ ਇਹ ਕਰ ਵਸੂਲ ਕੀਤਾ ਜਾਂਦਾ ਸੀ। ਇਹ ਕਰ ਮੁਸਲਿਮ ਸਮਾਜ ਵਿੱਚ ਜੀਵਨ ਰਾਜ ਤੇ ਸੈਨਾ ਦੀ ਸੇਵਾ ਲਈ ਇਹ ਕਰ ਲਿਆ ਜਾਂਦਾ ਸੀ। ਪਰ ਕੁੱਝ ਰਾਜ ਦੀ ਸੇਵਾ ਲਈ ਵਸੂਲ ਕੀਤਾ ਜਾਂਦਾ ਸੀ। ਇਸ ਤਰ੍ਹਾਂ ਅਕਬਰ ਨੇ ਰਾਜਪੂਤ ਨਾਲ ਮਿੱਤਰੱਤਾ ਸੰਬੰਧ ਬਣਾਏ ਤੇ ਵਿਆਹ ਸੰਬੰਧ ਕਾਇਮ ਕੀਤਾ ਤਾਂ ਅਕਬਰ ਦੇ ਰਾਜਪੂਤਾਂ ਤੇ ਕੁਝ ਤਾਂ ਅਸਰ ਹੋਣਾ ਹੀ ਸੀ ਤਾਂ ਰਾਜਪੂਤ ਮੁਤਾਬਿਕ ਅਕਬਰ ਨੇ ਕਦਮ ਉਠਾਇਆਂ ਤਾ ਜਜੀਆਂ ਕਰ ਬੰਦ ਕਰਵਾਇਆਂ। ਹਾਲਾਕਿ ਜਜੀਆਂ ਕਰ ਮੁਗਲ ਸਾਮਰਾਜ ਦੀ ਆਮਦਨ ਦਾ ਮੁੱਖ ਸਾਧਨ ਸੀ ਪਰ ਅਕਬਰ ਨੇ ਇਸਦੀ ਕੋਈ ਪਰਵਾਹ ਨਹੀ ਕੀਤੀ ਤੇ ਸਾਰੇ ਰਾਜ ਵਿੱਚ ਇਸ ਕਰ ਨੂੰ ਬੰਦ ਕਰਵਾ ਦਿੱਤਾ। ਇਸ ਰਾਜਪੂਤ ਨੀਤੀ ਕਾਰਨ ਅਕਬਰ ਨੇ ਹਿੰਦੂਆਂ ਵਿੱਚ ਆਪਣੇ ਸਮਰਾਜ ਦਾ ਵਿਸਥਾਰ ਕੀਤਾ।

**ਸਿੱਟਾ**

ਅਕਬਰ ਦਾ ਰਾਜਪੂਤ ਨੀਤੀ ਰਾਜਪੂਤਾਂ ਨਾਲ ਮਿੱਤਰਤਾਪੂਰਵਕ ਸੰਬੰਧ ਨਾਲ ਭਾਰਤੀ ਇਤਿਹਾਸ ਵਿੱਚ ਕਾਫੀ ਮਹੱਤਵਪੂਰਨਵ ਸਾਬਿਤ ਹੋਈਆ। ਅੰਬਰ,ਬੀਕਾਨੈਰ,ਜੈਸਲਮੇਰ,ਮੇਵਾੜ,ਨੂੰ ਛੱਡ ਕੇ ਸਾਰੇ ਰਾਜਪੂਤ ਨੇ ਮੁਗਲਾ ਦੀ ਅਧੀਨਤਾ ਨੂੰ ਸਵੀਕਾਰ ਕਰ ਲਿਆ। ਅਕਬਰ ਨੇ ਇਹਨਾਂ ਸਾਰੇ ਰਾਜਾਂ ਵਿੱਚ ਆਪਣਾ ਸਮਾਰਾਰਜ ਸਥਾਪਿਤ ਕੀਤਾ ਤੇ ਰਾਜਪੂਤ ਰਾਣੀਆਂ ਨਾਲ ਵਿਆਹ ਸੰਬੰਧ ਕਾਇਮ ਕਰਕੇ ਰਾਜਪੂਤ ਨੂੰ ਆਪਣੇ ਦਰਬਾਰ ਵਿੱਚ ਮੁਗਲ ਦਰਬਾਰ ਵਿੱਚ ਉੱਚੇ ਅਹੁਦੇ ਪ੍ਰਦਾਨ ਕੀਤੇ। ਵੱਡੀਆਂ ਜਗੀਰਾਂ ਤੇ ਦਰਬਾਰ ਵਿੱਚ ਸਨਮਾਨ ਪ੍ਰਦਾਨ ਕੀਤਾ ਰਾਜਪੂਤਾਂ ਦਾ ਰਣਥੋਭਰ ਰਾਜ ਬਹੁਤ ਪ੍ਰਸਿੱਧ ਤੇ ਮਜਬੂਤ ਕਿਲਾ ਸੀ ਅਕਬਰ ਨੇ ਉਸਨੂੰ ਆਪਣੇ ਸਮਰਾਜ ਵਿੱਚ ਸ਼ਾਮਲ ਕਰ ਲਿਆ। ਅਕਬਰ ਜਦੋ ਰਾਜਪੂਤ ਸ਼ਾਸਕਾ ਨਾਲ ਸੰਧੀ ਕਰਦਾ ਤਾਂ ਉਹ ਮੁਗਲ ਸਮਰਾਜ ਦੀ ਅਧੀਨਤਾ। ਸਵੀਕਾਰ ਕਰ ਲੈਂਦੇ ਤਾ ਇਹੋ ਜਿਹੇ ਸ਼ਾਸਕਾ ਦੀ ਯੋਗਤਾ ਤੇ ਇੱਜ਼ਤ ਦੇ ਲਈ ਉਹਨਾਂ ਨੂੰ ਮੁਗਲ ਸਰਕਾਰ ਦੇ ਮਹੱਤਵਪੂਰ ਅਹੁਦਿਆਂ ਤੇ ਬਿਠਾਇਆ ਜਾਂਦਾ ਸੀ। ਉਹਨਾਂ ਨੂੰ ਮੁਸਲਮਾਨ ਸਰਦਾਰਾਂ ਤੇ ਅਧਿਕਾਰੀਆਂ ਤੇ ਵਿਸ਼ਵਾਸ਼ ਨਹੀ ਰਹਿ ਗਿਆ ਸੀ। ਅਕਬਰ ਦੇ ਸ਼ਾਸਨ ਕਾਲ ਵਿੱਚ ਅਨੇਕ ਰਾਜਪੂਤ ਸੈਨਿਕ ਅਤੇ ਉੱਚੇ ਅਸੈਨਿਕ ਵਿਭਾਗਾ ਵਿੱਚ ਕਾਫੀ ਸੰਖਿਆ ਵਿੱਚ ਅਤੇ ਉੱਚੇ ਉੱਚੇ ਪਦਾ ਤੇ ਨਿਯੁਕਤ ਕੀਤੇ ਗਏ। ਇਹਨਾਂ ਰਾਜਪੂਤ ਅਧਿਕਾਰੀਆਂ ਨੇ ਅਕਬਰ ਦੇ ਵਿਸ਼ਵਾਸ਼ ਨੂੰ ਆਪਣੀ ਯੋਗਤਾ ਅਤੇ ਸਵਾਮੀ ਭਗਤੀ ਦਾ ਸਹਾਰਾ ਦਿੱਤਾ ਅਤੇ ਉਸਦੀਆਂ ਉਮੀਦਾ ਨੂੰ ਪੂਰਾ ਕੀਤਾ। ਅਕਬਰ ਦੇ ਸ਼ਾਸ਼ਨ ਕਾਲ ਵਿੱਚ ਭਗਵਾਨ ਦਾਸ,ਰਾਜਾ ਮਾਨ ਸਿੰਘ, ਬੀਰਬਲ ਅਤੇ ਟੋਡਰਮਲ ਦੇ ਮਹੱਤਵ ਨੂੰ ਘੱਟ ਨਹੀ ਕੀਤਾ ਜਾ ਸਕਦਾ। ਅਕਬਰ ਨੇ ਦੇਸ਼ ਵਿੱਚ ਹਿੰਦੂ ਅਤੇ ਮੁਸਲਮਾਨਾ ਵਿੱਚ ਇੱਕ ਬਹੁਤ ਹੀ ਸੁੰਦਰ ਤੇ ਵਧੀਆ ਹਿੰਦੂ-ਮੁਸਲਮਾਨ ਸੰਸਕ੍ਰਿਤੀ ਦਾ ਵਿਕਾਸ ਕੀਤਾ ਜਿਸਨੂੰ ਅਨੇਕ ਅਰਥਾ ਵਿੱਚ ਭਾਰਤੀ ਇਤਿਹਾਸ ਦੀ ਸੁਨਹਿਰੀ ਉਪਲਬੱਧੀ ਕਿਹਾ ਜਾ ਸਕਦਾ ਹੈ। ਇਹਨਾਂ ਪ੍ਰਸ਼ੰਸਾ ਯੋਗ ਪ੍ਰਭਾਵਾਂ ਦੇ ਕਾਰਨ ਅਕਬਰ ਦੀ ਰਾਜਪੂਤ ਨੀਤੀ ਮਹੱਤਵਪੂਰਨ ਕਹੀ ਜਾਂਦੀ ਹੈ।

**REFERNCES**

1. History of India 1000+1707
2. +1 M.S Mann History Of India
3. History Of India B.A 1st by Mrs. Paul
4. Muslim Kalin Bharat by V.D Mahajan
5. History Of India 1526-1947 by S. Gajrani
6. History Of Medival India B.A part 1 by S.P Sabharwal
7. Medival India of History by Dr. Vipan Biharai Sinha.
8. India of Social and Economic History P.N Chopra, B.N Puri.
9. Medival India by V.D Mahajan.
10. 10.Medival Society, Religion Art by Pro. Harful Singh.